AQA

A-level

# PANJABI

Paper 3 Listening, Reading and Writing

# Insert

Section C for use with Question 6

**Materials**
- Listening material
- Combined Question Paper/Answer Booklet

**Instructions**
- Listen to the recording provided and read the text in this Insert.
- Make notes in this booklet in the spaces provided on both the recording and the reading text.
  Use these notes to respond to the essay title in the combined Question Paper/Answer Booklet.
  (Section C Question 6)

**Information**
The notes you write in this booklet will not be marked but must be included with your essay.

G/TI/7682/3/Jun20/E5

## Listening

Make your notes below on the key points of the recording.

## Reading

ਤੁਸੀਂ ਫੈਸ਼ਨ ਦੇ ਪ੍ਰਭਾਵ ਬਾਰੇ ਇੱਕ ਪੰਜਾਬੀ ਬਲੌਗ ਦਾ ਸਾਰ ਪੜ੍ਹਦੇ ਹੋ।

### ਫੈਸ਼ਨ ਦਾ ਜ਼ਿੰਦਗੀ ਵਿੱਚ ਮਹੱਤਵ

ਉਹ ਦਿਨ ਗਏ ਜਦੋਂ ਮਾਪੇ ਆਪਣਿਆਂ ਬੱਚਿਆਂ ਨੂੰ ਸਧਾਰਨ ਕੱਪੜੇ ਪਾਉਣ ਲਈ ਮਜਬੂਰ ਕਰਦੇ ਸਨ ਤਾਂ ਕਿ ਉਹ ਆਪਣਾ ਸਾਰਾ ਧਿਆਨ ਪੜ੍ਹਾਈ ਤੇ ਕੇਂਦਰਿਤ ਕਰ ਸਕਣ। ਅੱਜ ਕੱਲ੍ਹ ਮਾਪੇ ਖੁਦ ਆਪਣੇ ਬੱਚਿਆਂ ਨੂੰ ਨਵੀਨਤਮ ਫੈਸ਼ਨ ਦੇ ਕੱਪੜੇ ਪਾਉਣ ਲਈ ਉਤਸ਼ਾਹਿਤ ਕਰਦੇ ਹਨ ਤਾਂ ਕਿ ਉਹ ਚੁਸਤ ਅਤੇ ਸਾਫ਼-ਸੁਥਰੇ ਲਗਣ ਅਤੇ ਕਿਸੇ ਤਰ੍ਹਾਂ ਵੀ ਦੂਸਰੇ ਬੱਚਿਆਂ ਤੋਂ ਘੱਟ ਨਾ ਲੱਗਣ।

ਅੱਜ ਕੱਲ੍ਹ ਦੇ ਨੌਜਵਾਨ ਪੰਜਾਬੀ ਗਾਇਕਾਂ, ਟੀ ਵੀ ਅਤੇ ਫਿਲਮੀ ਸਿਤਾਰਿਆਂ ਨੂੰ ਆਪਣਾ ਆਦਰਸ਼ ਮੰਨਦੇ ਹਨ ਅਤੇ ਉਨ੍ਹਾਂ ਵਰਗੇ ਕੱਪੜੇ ਪਾਉਂਦੇ ਅਤੇ ਵਾਲ ਬਣਾਉਂਦੇ ਹਨ। ਇੱਕ ਦੂਜੇ ਨਾਲੋਂ ਸੁੰਦਰ ਤੇ ਕੀਮਤੀ ਕੱਪੜੇ ਪਾਉਣ ਦਾ ਮੁਕਾਬਲਾ ਕਰਨ ਵਿੱਚ ਲੱਗੇ ਰਹਿੰਦੇ ਹਨ। ਨੌਜਵਾਨ ਮੁੰਡਿਆਂ ਕੋਲ ਭਾਵੇਂ ਲਿਖਣ ਲਈ ਪੈੱਨ ਨਾ ਹੋਵੇ ਪਰ ਕੰਘੀ ਜ਼ਰੂਰ ਹੁੰਦੀ ਹੈ। ਮੁਟਿਆਰ ਦੇ ਪਰਸ ਵਿੱਚ ਭਾਵੇਂ ਹੋਰ ਕੁਝ ਨਾ ਹੋਵੇ ਪਰ ਲਿਪਸਟਿਕ ਜ਼ਰੂਰ ਹੁੰਦੀ ਹੈ। ਇਹ ਨਵੀਂ ਪੀੜ੍ਹੀ ਕਰਕੇ ਹੀ ਹੁਣ ਫੈਸ਼ਨ ਕਰੋੜਾਂ ਰੁਪਇਆ ਦਾ ਉਦਯੋਗ ਬਣ ਗਿਆ ਹੈ ਅਤੇ ਇਸ ਨੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਵੀ ਪ੍ਰਦਾਨ ਕੀਤਾ ਹੈ।

ਫੈਸ਼ਨ ਨੂੰ ਸ਼ਹਿ ਦੇਣ ਵਿੱਚ ਸੋਸ਼ਲ ਮੀਡੀਆ ਦਾ ਵੀ ਅਹਿਮ ਰੋਲ ਹੈ। ਨੌਜਵਾਨ ਨਵੀਨਤਮ ਯੰਤਰਾਂ ਰਾਹੀਂ ਫੈਸ਼ਨਦਾਰ ਕੱਪੜਿਆਂ ਵਾਲੀਆਂ ਆਪਣੀਆਂ ਤਸਵੀਰਾਂ ਖਿੱਚ ਕੇ ਇੱਕ ਦੂਜੇ ਨੂੰ ਭੇਜਦੇ ਰਹਿੰਦੇ ਹਨ ਅਤੇ ਅਜਿਹੀਆਂ ਤਸਵੀਰਾਂ ਉਨ੍ਹਾਂ ਦੇ ਦੋਸਤਾਂ ਨੂੰ ਆਧੁਨਿਕ ਕੱਪੜੇ ਖਰੀਦਣ ਲਈ ਪ੍ਰੇਰਿਤ ਕਰਦੀਆਂ ਹਨ।

ਅੱਜ ਕੱਲ੍ਹ ਨੌਜਵਾਨ ਵੱਡੀਆਂ ਕੰਪਨੀਆਂ ਵਿੱਚ ਨੌਕਰੀਆਂ ਕਰਦੇ ਹਨ ਜੋ ਸਮਾਜੀਕਰਨ ਦੇ ਸਭਿਆਚਾਰ ਨੂੰ ਮੰਨਦੀਆਂ ਹਨ। ਕੰਮ-ਕਾਰ ਦੇ ਸਿਲਸਲੇ ਵਿੱਚ ਸਮਾਜਿਕ ਇਕੱਠ ਆਮ ਹੁੰਦੇ ਰਹਿੰਦੇ ਹਨ ਜਿੱਥੇ ਆਪਣੇ ਸਹਿਯੋਗੀਆਂ ਅਤੇ ਗਾਹਕਾਂ ਨੂੰ ਪ੍ਰਭਾਵਿਤ ਕਰਨ ਲਈ ਆਪਣੇ ਸਰਬੋਤਮ ਕੱਪੜੇ ਪਾ ਕੇ ਆਉਣਾ ਲਾਜ਼ਮੀ ਹੋ ਗਿਆ ਹੈ।

ਫੈਸ਼ਨ ਆਧੁਨਿਕ ਸਮਾਜ ਵਿੱਚ ਕੱਪੜਿਆਂ ਦੀ ਸ਼ੈਲੀ ਨਹੀਂ ਬਲਕਿ ਜ਼ਿੰਦਗੀ ਦਾ ਇੱਕ ਅਨਿੱਖੜਵਾਂ ਹਿੱਸਾ ਹੈ ਜਿਵੇਂ ਬਿਲ ਕਨਿੰਗਮ ਦਾ ਕਹਿਣਾ ਹੈ, 'ਰੋਜ਼ਾਨਾ ਜ਼ਿੰਦਗੀ ਦੀ ਹਕੀਕਤ ਨੂੰ ਕਾਇਮ ਰੱਖਣ ਲਈ ਫੈਸ਼ਨ ਇੱਕ ਕਵਚ ਹੈ'।

## Reading

Make your notes below on the key points of the reading text.

**Copyright information**

For confidentiality purposes, all acknowledgements of third-party copyright material are published in a separate booklet. This booklet is available for free download from www.aqa.org.uk after the live examination series.

Copyright © 2020 AQA and its licensors. All rights reserved.